# ਦਰਜ਼ੀ ਅਤੇ ਹਾਥੀ

ਇੱਕ ਵਾਰੀ ਦੀ ਗੱਲ ਹੈ ਕਿ ਇੱਕ ਰਾਜੇ ਕੋਲ ਇਕ ਹਾਥੀ ਸੀ। ਮਹਾਵਤ ਹਰ ਰੋਜ਼ ਹਾਥੀ ਨੂੰ ਪਾਣੀ ਪਿਆਉਣ ਅਤੇ ਨੁਹਾਉਣ ਲਈ ਨਦੀ ‘ਤੇ ਲੈ ਕੇ ਜਾਂਦਾ ਸੀ।



ਉਸ ਦੇ ਰਸਤੇ ਵਿੱਚ ਇੱਕ ਦਰਜ਼ੀ ਦੀ ਦੁਕਾਨ ਆਉਂਦੀ ਸੀ।



ਹਾਥੀ ਜਦੋਂ ਦਰਜ਼ੀ ਦੀ ਦੁਕਾਨ ‘ਤੇ ਪਹੁੰਚਦਾ ਤਾਂ ਦਰਜ਼ੀ ਰੋਜ਼ ਉਸ ਦੀ ਸੁੰਡ ਵਿੱਚ ਕੁਝ ਨਾ ਕੁਝ ਖਾਣ ਨੂੰ ਦਿੰਦਾ ਸੀ।



ਇੱਕ ਦਿਨ ਦਰਜ਼ੀ ਕਿਸੇ ਗੱਲੋਂ ਖਿੜਿਆ ਹੋਇਆ ਸੀ। ਜਦੋਂ ਹਾਥੀ ਨੇ ਰੋਜ਼ ਵਾਂਗ ਉਸ ਅੱਗੇ ਆਪਣੀ ਸੁੰਡ ਕੀਤੀ ਤਾਂ ਦਰਜ਼ੀ ਨੇ ਉਸ ਦੀ ਸੁੰਡ ‘ਤੇ ਸੂਈ ਚੋਭ ਦਿੱਤੀ।



ਹਾਥੀ ਨੂੰ ਬੜੀ ਪੀੜ ਹੋਈ, ਪਰ ਉਹ ਚੁੱਪ-ਚਾਪ ਚਲਾ ਗਿਆ।



ਉਸ ਨੇ ਨਦੀ ਤੋਂ ਰੱਜ ਕੇ ਪਾਣੀ ਪੀਤਾ। ਵਾਪਸ ਆਉਂਦਿਆਂ ਉਸ ਨੇ ਆਪਣੀ ਸੁੰਡ ਵਿੱਚ ਚਿੱਕੜ ਭਰ ਲਿਆ।



ਜਦੋਂ ਹਾਥੀ ਦਰਜ਼ੀ ਦੀ ਦੁਕਾਨ ‘ਤੇ ਪਹੁੰਚਿਆ ਪੁੱਜਾ ਤਾਂ ਉਸ ਨੇ ਸਾਰਾ ਚਿੱਕੜ ਦਰਜੀ ਦੁਕਾਨ ਵਿੱਚ ਸੁੱਟ ਦਿੱਤਾ।



ਚਿੱਕੜ ਨਾਲ ਲੋਕਾਂ ਦੇ ਨਵੇਂ ਕੱਪੜੇ ਵੀ ਹਾਥੀ ਨੇ ਖ਼ਰਾਬ ਕਰ ਦਿੱਤੇ।



ਇਸ ਤਰ੍ਹਾਂ ਦਰਜ਼ੀ ਨੇ ਆਪਣੀ ਮੂਰਖਤਾ ਕਾਰਨ ਕਾਫੀ ਨੁਕਸਾਨ ਕਰਵਾ ਲਿਆ। ਦਰਜ਼ੀ ਆਪਣੀ ਗ਼ਲਤੀ ਤੇ ਬਹੁਤ ਪਛਤਾਇਆ।

ਸਿੱਖਿਆ : ਜੈਸਾ ਕਰੋਗੇ ਪੈਸਾ ਕਰੋਗੇ

ਜਾਂ

ਅਦਲੇ ਦਾ ਬਦਲਾ

ਤਿਆਰ ਕਰਤਾ
ਸੰਦੀਪ ਸਿੰਘ ਪੰਜਾਬੀ ਮਾਸਟਰ
ਸ.ਹ.ਸ. ਭਿੰਡੀ ਔਲਖ (ਅੰਮ੍ਰਿਤਸਰ )